ਪੰਜਾਬੀ

ਸ਼ਬਦ-ਜੋੜਾਂ ਦੇ ਮੁੱਖ ਸਿਧਾਂਤ

(3'/ P6)

ਪੰਜਾਬੀ ਯੂਨੀਵਰਸਿਟੀ, ਪਟਿਆਲਾ

284

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਮੁੱਖ ਬੰਧ

ਪੰਜਾਬੀ ਦੇ ਸ਼ਬਦ-ਜੋੜਾਂ ਨੂੰ ਟਕਸਾਲੀ ਰੂਪ ਦੇਣ ਲਈ ਪੰਜਾਬੀ ਯੂਨੀਵਰਸਿਟੀ ਨੇ ਹੇਠ ਲਿਖੇ ਵਿਦਵਾਨਾਂ ਦੀ ਇਕ ਕਮੇਟੀ ਨਿਯੁਕਤ ਕੀਤੀ ਸੀ :

1. ਗਿਆਨੀ ਲਾਲ ਸਿੰਘ — ਪ੍ਰਧਾਨ
2. ਡਾ. ਭਾਈ ਜੋਧ ਸਿੰਘ
3. ਪ੍ਰੋ. ਗੁਲਵੰਤ ਸਿੰਘ
4. ਡਾ. ਹਰਜੀਤ ਸਿੰਘ ਗਿੱਲ
5. ਪ੍ਰੋ. ਮੋਹਨ ਸਿੰਘ
6. ਸ. ਜਗਜੀਤ ਸਿੰਘ ਅਨੰਦ
7. ਪ੍ਰਿੰਸੀਪਲ ਪ੍ਰੀਤਮ ਸਿੰਘ
8. ਡਾ. ਵੀ. ਐਨ. ਤਿਵਾੜੀ
9. ਡਾ. ਹਰਕੀਰਤ ਸਿੰਘ — ਕਨਵੀਨਰ

ਇਸ ਕਮੇਟੀ ਨੇ 7 ਮੀਟਿੰਗਾਂ ਕਰ ਕੇ ਸ਼ਬਦ-ਜੋੜਾਂ ਸੰਬੰਧੀ ਕੁਝ ਜ਼ਰੂਰੀ ਨਿਰਨੇ ਕੀਤੇ, ਜਿਹੜੇ ਪਿਛੋਂ 22 ਫ਼ਰਵਰੀ 1971 ਨੂੰ ਇਕ ਕਨਵੈਨਸ਼ਨ ਦੇ ਸਾਹਵੇਂ ਰੱਖੇ ਗਏ। ਕਨਵੈਨਸ਼ਨ ਵਿਚ ਇਹਨਾਂ ਫ਼ੈਸਲਿਆਂ ਉਤੇ ਵਿਸਤਾਰਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ।

ਕਮੇਟੀ ਵਲੋਂ ਸੁਝਾਏ ਗਏ ਥੋੜ੍ਹੇ ਜਿਹੇ ਨਿਯਮਾਂ ਵਿਚ ਕਨਵੈਨਸ਼ਨ ਨੇ ਤਰਮੀਮ ਦੀ ਸਿਫ਼ਾਰਸ਼ ਕੀਤੀ :

ਕਮੇਟੀ ਦਾ ਸੁਝਾ	ਕਨਵੈਨਸ਼ਨ ਦੀ ਸਿਫ਼ਾਰਸ਼
ਅਧਿਨਿਯਮ	ਅਧਿਨੇਮ
ਸੁਆਲ	ਸਵਾਲ
ਹਰਾਨ, ਵਰਾਨ	ਹੈਰਾਨ, ਵੈਰਾਨ
ਤ੍ਰਿਕੋਣ	ਤਿਕੋਣ
ਮ੍ਰਿਤੂ	ਮਿਰਤੂ
ਸਾਬਿਤ, ਸਾਲਿਮ, ਹਾਜ਼ਿਰ, ਖ਼ਾਹਿਸ਼, ਖ਼ਾਲਿਸ, ਜ਼ਾਹਿਰ, ਬਾਹਿਰ ਆਦਿ।	ਸਾਬਤ, ਸਾਲਮ, ਹਾਜ਼ਰ, ਖ਼ਾਹਸ਼, ਖ਼ਾਲਸ, ਜ਼ਾਹਰ, ਬਾਹਰ ਆਦਿ।

ਦੋਂਹ ਜੋੜਾਂ ਬਾਰੇ ਕਮੇਟੀ ਨੂੰ ਮੁੜ ਵਿਚਾਰ ਕਰ ਕੇ ਫ਼ੈਸਲਾ ਦੇਣ ਲਈ ਕਿਹਾ ਗਿਆ। ਬਾਕੀ ਸਾਰੇ ਫ਼ੈਸਲੇ ਪ੍ਰਵਾਨ ਕਰ ਲਏ ਗਏ।

੩੮੫

Digitized by Panjab Digital Library | www.panjabdigilib.org

ਕਨਵੈਨਸ਼ਨ ਦੀਆਂ ਸਿਫ਼ਾਰਸ਼ਾਂ ਸਹਿਤ ਸ਼ਬਦ-ਜੋੜਾਂ ਸੰਬੰਧੀ ਇਹ ਫ਼ੈਸਲੇ ਪੰਜਾਬੀ ਯੂਨੀਵਰਸਿਟੀ ਸੈਨਿਟ ਸਬ-ਕਮੇਟੀ ਵਿਚ ਪੇਸ਼ ਕੀਤੇ ਗਏ। ਸੈਨਿਟ ਸਬ-ਕਮੇਟੀ ਨੇ ਇਹ ਸਾਰੇ ਫ਼ੈਸਲੇ ਤੇ ਕਨਵੈਨਸ਼ਨ ਦੀਆਂ ਸਿਫ਼ਾਰਸ਼ਾਂ ਪ੍ਰਵਾਨ ਕਰ ਲਈਆਂ ਹਨ। ਹੁਣ ਇਹ ਫ਼ੈਸਲੇ ਪੰਜਾਬੀ ਅਧਿਆਪਕਾਂ, ਲੇਖਕਾਂ, ਜਰਨਲਿਸਟਾਂ, ਵਿਦਵਾਨਾਂ ਦੀ ਰਾਇ ਪ੍ਰਾਪਤ ਕਰਨ ਲਈ ਭੇਜੇ ਜਾ ਰਹੇ ਹਨ। ਜੇ ਸੁਝਾਏ ਗਏ ਨਿਯਮਾਂ ਵਿਚੋਂ ਕਿਸੇ ਨਿਯਮ ਦੇ ਵਿਰੋਧ ਵਿਚ ਠੋਸ ਦਲੀਲਾਂ ਪ੍ਰਾਪਤ ਹੋਈਆਂ ਤਾਂ ਅਜਿਹੇ ਨਿਯਮ ਕਮੇਟੀ ਨੂੰ ਦੁਬਾਰਾ ਵਿਚਾਰਨ ਲਈ ਦੇ ਦਿਤੇ ਜਾਣਗੇ।

ਇਹ ਫ਼ੈਸਲੇ ਕੇਵਲ ਪ੍ਰਮੁੱਖ ਸ਼ਬਦ-ਸ਼੍ਰੇਣੀਆਂ ਦੇ ਜੋੜਾਂ ਬਾਰੇ ਹਨ। ਵਿਦਵਾਨਾਂ ਦੀ ਰਾਏ ਪ੍ਰਾਪਤ ਕਰਨ ਪਿਛੋਂ ਮੁਕੰਮਲ ਸ਼ਬਦ-ਜੋੜ ਕੋਸ਼ ਬਣਾਉਣ ਦਾ ਉਪਰਾਲਾ ਕੀਤਾ ਜਾਵੇਗਾ।

ਸ਼ਬਦ-ਜੋੜਾਂ ਸੰਬੰਧੀ ਸੁਝਾ ਤੇ ਇਹਨਾਂ ਨਿਯਮਾਂ ਸੰਬੰਧੀ ਰਾਏ ਡਾ. ਹਰਕੀਰਤ ਸਿੰਘ, ਕਨਵੀਨਰ, ਸ਼ਬਦ-ਜੋੜ ਕਮੇਟੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਨੂੰ ਪੁਜਣੇ ਚਾਹੀਦੇ ਹਨ।

ਮੈਨੂੰ ਵਿਸ਼ਵਾਸ ਹੈ ਕਿ ਮਾਤ ਬੋਲੀ ਨਾਲ ਸਨੇਹ ਰੱਖਣ ਵਾਲੇ ਸਭ ਵਿਦਵਾਨ ਆਪਣੀ ਬਹੁਮੁੱਲੀ ਰਾਏ ਭੇਜ ਕੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਸਾਡੀ ਸਹਾਇਤਾ ਕਰਨਗੇ।

ਪੰਜਾਬੀ ਯੂਨੀਵਰਸਿਟੀ,
ਪਟਿਆਲਾ।

ਕਿਰਪਾਲ ਸਿੰਘ ਨਾਰੰਗ
ਵਾਈਸ-ਚਾਂਸਲਰ

Digitized by Panjab Digital Library | www.panjabdigilib.org

ਭੂਮਿਕਾ

ਪੰਜਾਬੀ ਯੂਨੀਵਰਸਿਟੀ ਵਲੋਂ ਨਿਯੁਕਤ ਕੀਤੀ ਗਈ ਸ਼ਬਦ-ਜੋੜ ਕਮੇਟੀ ਨੇ ਆਪਣੀ ਪਹਿਲੀ ਮੀਟਿੰਗ ਵਿਚ ਜੋੜਾਂ ਦੇ ਆਮ ਰੂਪ ਬਾਰੇ ਵਿਚਾਰ ਕਰਦਿਆਂ ਫ਼ੈਸਲਾ ਕੀਤਾ ਕਿ ਸ਼ਬਦ ਜੋੜ ਬਹੁਤ ਹੱਦ ਤਕ ਉਚਾਰਨ ਦੇ ਨੇੜੇ ਰੱਖੇ ਜਾਣ। ਕਿਉਂਕਿ ਅਸੀਂ ਮਾਝੇ ਦੀ ਬੋਲੀ ਨੂੰ ਪੰਜਾਬੀ ਦਾ ਸਟੈਂਡਰਡ ਰੂਪ ਮੰਨਦੇ ਹਾਂ, ਇਸ ਲਈ ਮਾਝੇ ਦੇ ਉਚਾਰਨ ਨੂੰ ਹੀ ਜੋੜਾਂ ਦਾ ਆਧਾਰ ਬਣਾਇਆ ਜਾਏ। ਮਾਝੀ ਉਚਾਰਨ ਦੇ ਠੀਕ ਨਮੂਨੇ ਪ੍ਰਾਪਤ ਕਰਨ ਲਈ, ਵਾਈਸ-ਚਾਂਸਲਰ ਸਾਹਿਬ ਦੀ ਆਗਿਆ ਨਾਲ, ਮਾਝੇ ਦੇ ਪਿੰਡਾਂ ਵਿਚੋਂ ਬੋਲ-ਚਾਲ ਦੀ ਭਾਸ਼ਾ ਰੀਕਾਰਡ ਕੀਤੀ ਗਈ, ਜਿਸ ਦੇ ਆਧਾਰ ਤੇ ਮਾਝੀ ਉਚਾਰਨ ਦੇ ਨਿਯਮਾਂ ਬਾਰੇ ਇਕ ਖੋਜ-ਪੱਤਰ ਤਿਆਰ ਕਰ ਕੇ ਕਮੇਟੀ ਦੇ ਸਾਹਵੇਂ ਰਖਿਆ ਗਿਆ। ਪੰਜਾਬੀ ਸ਼ਬਦ-ਜੋੜਾਂ ਦੇ ਵਿਗਿਆਨਿਕ ਪੱਖ ਬਾਰੇ ਇਕ ਪੇਪਰ ਡਾ. ਹਰਜੀਤ ਸਿੰਘ ਗਿੱਲ ਨੇ ਲਿਖਿਆ, ਤੇ ਇਕ ਹੋਰ ਪੇਪਰ ਭਾਈ ਸਾਹਿਬ ਡਾ. ਜੋਧ ਸਿੰਘ ਨੇ ਤਿਆਰ ਕੀਤਾ। ਇਹ ਪੇਪਰ ਸਾਰੇ ਮੈਂਬਰਾਂ ਨੂੰ ਭੇਜ ਦਿੱਤੇ ਗਏ। ਇਹਨਾਂ ਤੋਂ ਇਲਾਵਾ ਕਰਮ ਸਿੰਘ ਗੰਗਾਵਾਲਾ, ਭਾਸ਼ਾ ਵਿਭਾਗ, ਪੰਜਾਬ, ਤੇ ਪੰਜਾਬੀ ਯੂਨੀਵਰਸਿਟੀ ਵਲੋਂ ਛਾਪੇ ਜਾ ਚੁਕੇ ਸ਼ਬਦ-ਜੋੜ ਨਿਯਮਾਂ ਦੀਆਂ ਕਾਪੀਆਂ ਵੀ ਸਾਈਕਲੋਸਟਾਈਲ ਕਰਵਾ ਕੇ ਸਾਰੇ ਮੈਂਬਰਾਂ ਨੂੰ ਭੇਜੀਆਂ ਗਈਆਂ।

ਕਮੇਟੀ ਨੇ ਕੁੱਲ ਸੱਤ ਮੀਟਿੰਗਾਂ ਕੀਤੀਆਂ, ਜਿਨ੍ਹਾਂ ਵਿਚ ਸ਼ਬਦ-ਜੋੜਾਂ ਦੀਆਂ ਮੁੱਖ ਸ਼੍ਰੇਣੀਆਂ ਬਾਰੇ ਨਿਯਮ ਬਣਾਏ ਗਏ। ਇਹ ਨਿਯਮ ਕੇਵਲ ਅਜਿਹੀਆਂ ਸ਼੍ਰੇਣੀਆਂ ਬਾਰੇ ਹਨ, ਜਿਨ੍ਹਾਂ ਦੇ ਜੋੜ ਪੰਜਾਬੀ ਲਿਖਤਾਂ ਵਿਚ ਇਕਸਾਰ ਨਹੀਂ ਸਨ ਮਿਲਦੇ, ਜਾਂ ਜਿਨ੍ਹਾਂ ਜੋੜਾਂ ਬਾਰੇ ਮਤਭੇਦ ਸੀ। ਕਮੇਟੀ ਦੀ ਇਹ ਰਾਏ ਸੀ ਕਿ ਪੂਰਾ ਸ਼ਬਦ-ਜੋੜ ਕੋਸ਼ ਬਣਾਉਣ ਵੇਲੇ ਕਈ ਹੋਰ ਅਜਿਹੇ ਸ਼ਬਦ ਵੀ ਸਾਮ੍ਹਣੇ ਆਉਣਗੇ ਜਿਨ੍ਹਾਂ ਦੇ ਜੋੜਾਂ ਬਾਰੇ ਕਮੇਟੀ ਨੂੰ ਵਿਚਾਰ ਕਰਨ ਦੀ ਲੋੜ ਪਵੇ। ਇਸੇ ਖ਼ਿਆਲ ਨਾਲ ਵਾਈਸ-ਚਾਂਸਲਰ ਸਾਹਿਬ ਨੇ ਪ੍ਰਵਾਨਗੀ ਦਿੱਤੀ ਹੈ ਕਿ ਲੋੜ ਹੋਣ ਤੇ ਫੇਰ ਵੀ ਕਮੇਟੀ ਦੀ ਮੀਟਿੰਗ ਬੁਲਾਈ ਜਾ ਸਕਦੀ ਹੈ।

ਜੋੜਾਂ ਸੰਬੰਧੀ ਵਧੇਰੇ ਫ਼ੈਸਲੇ ਸਰਬਸੰਮਤੀ ਨਾਲ ਹੀ ਕੀਤੇ ਗਏ, ਸਿਰਫ਼ ਦੋ'ਹ ਤਿੰਨਾਂ ਨਿਯਮਾਂ ਬਾਰੇ ਵੋਟ ਲੈਣੇ ਪਏ ਤੇ ਬਹੁਸੰਮਤੀ ਦਾ ਫ਼ੈਸਲਾ ਪ੍ਰਵਾਨ ਕੀਤਾ ਗਿਆ।

ਪਿਛੋਂ ਇਹ ਫ਼ੈਸਲੇ ਸ਼ਬਦ-ਜੋੜ ਕਨਵੈਨਸ਼ਨ ਵਿਚ ਪੇਸ਼ ਕੀਤੇ ਗਏ। ਕਨਵੈਨਸ਼ਨ ਵਿਚ ਪ੍ਰਵਾਨ ਹੋਏ ਸੰਸ਼ੋਧਨ ਨਿਯਮਾਂ ਵਿਚ ਸ਼ਾਮਿਲ ਕਰ ਦਿੱਤੇ ਗਏ ਹਨ। ਉਪਰੰਤ ਸੈਨਿਟ ਸਬ-ਕਮੇਟੀ ਦੀ ਪ੍ਰਵਾਨਗੀ ਪਿਛੋਂ ਹੁਣ ਇਹ ਸ਼ਬਦ-ਜੋੜ ਵਿਦਵਾਨਾਂ ਦੀ ਪਰਖ, ਪੜਚੋਲ ਲਈ ਪੇਸ਼ ਹਨ।

ਪੰਜਾਬੀ ਯੂਨੀਵਰਸਿਟੀ,
ਪਟਿਆਲਾ।

ਹਰਕੀਰਤ ਸਿੰਘ
ਕਨਵੀਨਰ,
ਸ਼ਬਦ-ਜੋੜ ਕਮੇਟੀ।

Digitized by Panjab Digital Library | www.panjabdigilib.org

ਪ੍ਰਵਾਨ ਕੀਤੇ ਗਏ ਸ਼ਬਦ-ਜੋੜ

1. ਸ਼ਹਿਰ, ਪਹਿਰ, ਰਹਿ, ਬਹਿ, ਕਹਿਣਾ, ਸਹਿਣਾ ਆਦਿ (ਹਾਹੇ ਨੂੰ ਸਿਹਾਰੀ ਲਾ ਕੇ)।

2. ਗਿਆ, ਲਿਆ, ਰਿਹਾ ਆਦਿ (ਪਹਿਲੇ ਅੱਖਰ ਨੂੰ ਸਿਹਾਰੀ ਲਾ ਕੇ)।

3. ਬਹੁਤਾ, ਮਹੁਰਾ, ਸਹੁਰਾ, ਪਹੁ, ਗਹੁ, ਰਹੁ ਆਦਿ (ਹਾਹੇ ਨੂੰ ਔਂਕੜ ਲਾ ਕੇ)।

4.(ਕ) ਕਿਹੜਾ, ਜਿਹੜਾ, ਵਿਹੜਾ, ਮਿਹਣਾ, ਵਿਹਣਾ;
ਇਹ, ਇਹਦਾ, ਇਹਨੂੰ ਆਦਿ (ਹਾਹੇ ਤੋਂ ਪਹਿਲੇ ਅੱਖਰ ਨੂੰ ਸਿਹਾਰੀ ਲਾ ਕੇ)।
ਨਾਲ ਹੀ ਪਾਸ ਕੀਤਾ ਗਿਆ ਕਿ ਕਮੇਟੀ ਇਸ ਸਵਾਲ ਤੇ ਮੁੜ ਵਿਚਾਰ ਕਰੇ ਕਿ ਸੰਬੰਧਕ ਪੜਨਾਵਾਂ ਦੇ ਨਾਲ ਲਾ ਕੇ ਲਿਖੇ ਜਾਣ ਜਾਂ ਵੱਖਰੇ।

(ਖ) ਬੇਹ, ਰੇਹ, ਲੇਹ, ਵੇਹ ਆਦਿ (ਹਾਹੇ ਤੋਂ ਪਹਿਲੇ ਅੱਖਰ ਨੂੰ ਲਾਂ ਲਾ ਕੇ)।
'ਵਿਹਣਾ' ਦੇ ਜੋੜ ਸਿਹਾਰੀ ਨਾਲ ਠੀਕ ਮੰਨੇ ਗਏ ਤੇ 'ਵੇਹ' ਦੇ ਲਾਂ ਨਾਲ। ਬੇਹ, ਰੇਹ ਆਦਿ ਨਾਲ ਮਿਲਦਾ ਉਚਾਰਨ ਹੋਣ ਕਰਕੇ 'ਵੇਹ' ਦੇ ਜੋੜ ਵੀ ਇਹਨਾਂ ਸ਼ਬਦਾਂ ਵਾਲੇ ਰੱਖਣੇ ਹੀ ਉਚਿਤ ਸਮਝੇ ਗਏ।

5. ਉਹ, ਉਹਦਾ, ਉਹਨੂੰ, ਉਹਨਾਂ ਆਦਿ।

6.(ਕ) ਬੋਹਲ, ਬੋਹਰ, ਮੋਹਲੀ, ਬੋਹਲੀ ਆਦਿ (ਹਾਹੇ ਤੋਂ ਪਹਿਲੇ ਅੱਖਰ ਨੂੰ ਹੋੜਾ ਲਾ ਕੇ)।

(ਖ) ਥੋੜ੍ਹਾ, ਕੋੜ੍ਹਾ, ਰੋੜ੍ਹਾ ਆਦਿ (ੜ ਦੇ ਪੈਰ ਵਿਚ ਹਾਹਾ ਪਾ ਕੇ)।

7. ਤਾਲਵੀ ਲ਼ ਦੀ ਧੁਨੀ ਸਾਧਾਰਨ ਲ ਨਾਲੋਂ ਵੱਖਰੀ ਹੈ। ਇਸ ਧੁਨੀ ਨੂੰ ਲਿਖਤ ਵਿਚ ਲੱਲੇ ਦੇ ਪੈਰੀਂ ਬਿੰਦੀ ਲਾ ਕੇ ਅੰਕਿਤ ਕੀਤਾ ਜਾਵੇ, ਤੇ ਗੁਰਮੁਖੀ ਲਿਪੀ ਦੀ ਅੱਠਵੀਂ ਪੰਕਤੀ ਵਿਚ ਸ਼, ਜ਼, ਨਾਲ ਲ਼ ਵੀ ਲਿਖਿਆ ਜਾਵੇ।

8. ਭਰਾ, ਤਲਾ, ਦਬਾ, ਕਰਾ, ਚੁਕਾ, ਜੀ (ਜੀ-ਜੰਤ), ਸੇ (ਸੇਬ), ਦੇ (ਦਾਨਵ) ਆਦਿ ਸ਼ਬਦਾਂ ਦੇ ਅੰਤਿਮ ਸੁਰ ਦਾ ਲਮਕਾ ਸਾਧਾਰਨ ਨਾਲੋਂ ਵਧੇਰੇ ਹੈ। ਲਮਕਾ ਦੇ ਇਸ ਫ਼ਰਕ ਨਾਲ ਕਿਤੇ ਕਿਤੇ ਅਰਥਾਂ ਵਿਚ ਫ਼ਰਕ ਆ ਜਾਂਦਾ ਹੈ ਤੇ ਕਈਆਂ ਹਾਲਤਾਂ ਵਿਚ ਵਿਆਕਰਨਿਕ ਰੂਪ-ਸਾਧਨਾ ਬਦਲ ਜਾਂਦੀ ਹੈ। ਇਸ ਲਈ ਅਜਿਹੇ ਸੁਰਾਂ ਨਾਲ ਕੋਈ ਢੁਕਵਾਂ ਚਿੰਨ੍ਹ ਲਾ ਕੇ ਲਮਕਾ ਦੇ ਇਸ ਅੰਤਰ ਨੂੰ ਸਪਸ਼ਟ ਕੀਤਾ ਜਾਵੇ।

ਇਹ ਨੁਕਤਾ ਵੀ ਕਮੇਟੀ ਨੂੰ ਮੁੜ ਵਿਚਾਰਨ ਲਈ ਕਿਹਾ ਗਿਆ ਕਿ ਕਿਹੜਾ ਚਿੰਨ੍ਹ ਲਾਇਆ ਜਾਵੇ।

ਵੱਖ ਵੱਖ ਵਿਦਵਾਨਾਂ ਵਲੋਂ ਵੱਖ ਵੱਖ ਚਿੰਨ੍ਹਾਂ ਦੇ ਕਈ ਸੁਝਾ ਦਿੱਤੇ ਗਏ; ਪਰ ਕੋਈ ਅੰਤਿਮ ਫ਼ੈਸਲਾ ਨਾ ਹੋ ਸਕਿਆ। ਇਸ ਲਈ ਮੁਆਮਲਾ ਮੁੜ ਕਮੇਟੀ ਦੇ ਹਵਾਲੇ ਕਰ ਦਿੱਤਾ ਗਿਆ।

9. ਸੰਸਕ੍ਰਿਤ ਦਾ 'ਯ' ਪੰਜਾਬੀ ਵਿਚ ਬਹੁਤ ਥਾਈਂ 'ਜ' ਬਣ ਚੁੱਕਾ ਹੈ। ਪ੍ਰਵਾਨ ਕੀਤਾ ਗਿਆ ਕਿ ਜਿਹੜੇ ਸ਼ਬਦਾਂ ਵਿਚ ਅਜਿਹਾ 'ਜ' ਪ੍ਰਚਲਿਤ ਹੈ ਉਹਨਾਂ ਸ਼ਬਦਾਂ ਦਾ 'ਜ'

Digitized by Panjab Digital Library | www.panjabdigilib.org

ਵਾਲਾ ਰੂਪ ਹੀ ਪੰਜਾਬੀ ਲਈ ਠੀਕ ਮੰਨਿਆ ਜਾਏ। ਇਸ ਨਿਰਨੇ ਅਨੁਸਾਰ ਹੇਠ ਲਿਖੇ ਸ਼ਬਦ-ਜੋੜ ('ਜ' ਨਾਲ) ਸ੍ਵੀਕਾਰ ਕੀਤੇ ਗਏ :

(ਕ) ਜਸ, ਜਗ, ਜਤ, ਜਤਨ, ਜਤੀ, ਜਮ, ਜਾਤਰਾ, ਜਾਤਰੀ, ਜੁਗ, ਜੁਗਤ, ਜੁੱਧ, ਜੋਧਾ, ਜੋਗ, ਜੋਗੀ, ਜੰਤਰ ਆਦਿ।

(ਖ) ਸੰਜਮ, ਸੰਜਮੀ, ਸੰਜੁਗਤ, ਸੰਜੋਗ, ਸੰਜੋਗੀ, ਭੁਜੰਗ, ਭਜੰਗੀ, ਵਿਜੋਗ, ਵਿਜੋਗੀ, ਵਿਜੋਗਣ ਆਦਿ।

(ਗ) ਸੂਰਜ, ਕਾਰਜ, ਧੀਰਜ ਆਦਿ।

10. ਕਈਆਂ ਹਾਲਤਾਂ ਵਿਚ ਸੰਸਕ੍ਰਿਤ 'ਯ' ਪੰਜਾਬੀ ਉਚਾਰਨ ਵਿਚ ਬਿਲਕੁਲ ਉਡ ਗਿਆ ਹੈ, ਜਾਂ ਸੁਰ ਵਿਚ ਬਦਲ ਗਿਆ ਹੈ। ਅਜਿਹੇ ਸ਼ਬਦਾਂ ਦਾ ਵੀ ਪੰਜਾਬੀ ਰੂਪ ਠੀਕ ਮੰਨਿਆ ਗਿਆ :

(ਕ) ਉਪਾ, ਆਗਿਆ, ਆਲਾ, ਸਤਿ (ਜਿਵੇਂ ਸਤਿਨਾਮ, ਸਤਿਗੁਰ ਆਦਿ ਵਿਚ), ਨਿਰਭੈ/ਨਿਰਭਉ, ਪਰਲੋ, ਭੈ/ਭਉ, ਭਾਰਤੀ, ਮੱਧ, ਮੁੱਲ, ਰਾਸ਼ਟਰੀ, ਵਿਸ਼ਾ, ਵਿਸ਼ੈ/ਬਿਸ਼ੈ ਆਦਿ।

(ਖ) ਅਭਿਆਸ, ਸਭਿਅਤਾ, ਦਇਆ, ਬਿਆਜ, ਵਿਅਰਥ, ਵਿਅੰਜਨ, ਵਪਾਰ ਆਦਿ।

11. ਸੰਸਕ੍ਰਿਤ ਵਿਆਕਰਨ ਅਨੁਸਾਰ ਬਣਨ ਵਾਲੇ ਵਿਸ਼ੇਸ਼ਣਾਂ ਦੇ ਅੰਤਿਮ ਉਚਾਰ-ਖੰਡ (Syllable) ਵਿਚ 'ਇ' (ਸਿਹਾਰੀ) ਲਗੇਗੀ, ਪਰ ਵ੍ਰਿਧੀ ਸਿਰਫ ਉਹਨਾਂ ਵਿਸ਼ੇਸ਼ਣਾਂ ਵਿਚ ਹੋਵੇਗੀ ਜਿਨ੍ਹਾਂ ਦੇ ਪ੍ਰਚਲਿਤ ਉਚਾਰਨ ਵਿਚ ਇਹ ਮੌਜੂਦ ਹੈ :

(ਕ) ਵ੍ਰਿਧੀ ਤੋਂ ਬਿਨਾਂ—ਇਤਿਹਾਸਿਕ, ਸਪਤਾਹਿਕ, ਸਮਾਜਿਕ, ਸਰਬਜਨਿਕ ਵਿਗਿਆਨਿਕ ਆਦਿ।

(ਖ) ਵ੍ਰਿਧੀ ਨਾਲ —ਆਤਮਿਕ, ਆਂਤਰਿਕ, ਆਰਥਿਕ, ਸ਼ਾਬਦਿਕ, ਹਾਰਦਿਕ, ਦੈਨਿਕ, ਧਾਰਮਿਕ, ਬੌਧਿਕ, ਮੌਖਿਕ, ਮੌਲਿਕ, ਵਾਰਸ਼ਿਕ, ਆਦਿ।

12. ਪੰਜਾਬੀ ਵਿਚ ਅਪਣਾਏ ਜਾਣ ਵਾਲੇ ਸੰਸਕ੍ਰਿਤ ਭੂਤ ਕ੍ਰਿਦੰਤਾਂ ਦੇ ਅੰਤਿਮ ਉਚਾਰ-ਖੰਡ ਵਿਚ ਸਿਹਾਰੀ ਕਾਇਮ ਰਹੇਗੀ :

ਅੰਕਿਤ, ਸੰਪਾਦਿਤ, ਕਲਪਿਤ, ਰਚਿਤ, ਵਰਜਿਤ ਆਦਿ।

13. ਕਰਤਰੀ ਨਾਂਵ (Agent noun) ਵਿਚ ਸਿਹਾਰੀ ਨਹੀਂ ਲਗੇਗੀ :

ਸੰਪਾਦਕ, ਚਾਲਕ, ਵਾਹਕ, ਜਾਚਕ ਆਦਿ।

13. ਪੰਜਾਬੀ ਵਿਚ ਵਰਤੇ ਜਾਣ ਵਾਲੇ ਸੰਸਕ੍ਰਿਤ ਅਗੇਤਰਾਂ ਦਾ ਮੂਲ ਰੂਪ ਕਾਇਮ ਰੱਖਣਾ ਪ੍ਰਵਾਨ ਕੀਤਾ ਗਿਆ। ਇਸ ਆਧਾਰ ਤੇ ਹੇਠ ਲਿਖੇ ਜੋੜ ਠੀਕ ਮੰਨੇ ਗਏ :

(ਕ) ਅਨੁ—ਨਾਲ, ਜਿਵੇਂ ਅਨੁਸਾਰ, ਅਨੁਕੂਲ, ਅਨੁਭਵ, ਅਨੁਮਾਨ, ਅਨੁਵਾਦ ਆਦਿ।

(ਖ) ਅਤਿ—ਨਾਲ, ਜਿਵੇਂ ਅਤਿਅਧਿਕ, ਅਤਿਸਾਰ ਆਦਿ।

(ਗ) ਅਧਿ—ਨਾਲ, ਜਿਵੇਂ ਅਧਿਕਾਰ, ਅਧਿਨਾਇਕ, ਅਧਿਨੇਮ ਆਦਿ।

(ਘ) ਪਰਿ—ਨਾਲ ਜਿਵੇਂ ਪਰਿਣਾਮ, ਪਰਿਪਾਟੀ, ਪਰਿਭਾਸ਼ਾ ਆਦਿ।

(ਙ) ਪ੍ਰ—ਨਾਲ ਜਿਵੇਂ ਪ੍ਰਤੱਖ, ਪ੍ਰਕਾਸ਼ਕ, ਪ੍ਰਸ਼ੰਸਾ ਆਦਿ।

(ਚ) ਸੰ—ਨਾਲ ਜਿਵੇਂ ਸੰਬੰਧ, ਸੰਪੂਰਨ ਆਦਿ।

Digitized by Panjab Digital Library | www.panjabdigilib.org

15. ਜਿਨ੍ਹਾਂ ਸ਼ਬਦਾਂ ਦੇ ਪੰਜਾਬੀ ਰੂਪ ਵਿਚ ਮੂਲ 'ਵ' ਦਾ ਉਚਾਰਨ 'ਬ' ਹੋ ਗਿਆ ਹੈ, ਉਹਨਾਂ ਦਾ ਪੰਜਾਬੀ ਵਾਲਾ ਰੂਪ ਠੀਕ ਮੰਨਿਆ ਗਿਆ :

ਸਰਬ, ਪੂਰਬ (ਦਿਸ਼ਾ ਲਈ), ਪਰ 'ਪੂਰਵ' (ਸਮੇਂ ਲਈ), ਬਸੰਤ, ਬੱਜਰ, ਬਜਰੀ; ਬਣ, ਬਣਬਾਸ, ਬਰਸੀ, ਬਾਣੀ, ਬਿਕਰਮਾਜੀਤ ਆਦਿ ।

16. ਕਈਂ ਥਾਈਂ ਅੱਧ-ਸੁਰ 'ਵ' ਪੂਰੇ ਸੁਰ ਵਿਚ ਬਦਲ ਚੁੱਕਾ ਹੈ।

ਅਜਿਹੇ ਸ਼ਬਦਾਂ ਦਾ ਸੁਰ ਵਾਲਾ ਰੂਪ ਸ਼ੁੱਧ ਹੈ :

ਸੁਆਦ, ਸੁਆਮੀ ਆਦਿ ।

ਇਹ ਵੀ ਫ਼ੈਸਲਾ ਕੀਤਾ ਗਿਆ ਕਿ 'ਸਵਾਲ, ਜਵਾਬ' ਹੀ ਸ਼ੁੱਧ ਹਨ, 'ਸੁਆਲ, ਜੁਆਬ' ਲਿਖਣਾ ਠੀਕ ਨਹੀਂ ।

17. (ਕ) ਕੰਨ, ਕੰਮ, ਚੰਨ, ਥੰਮ, ਜੰਘ, ਡੰਮੂਣਾ, ਥੰਮੀ, ਲੰਮਾ ਆਦਿ ਸ਼ਬਦਾਂ ਵਿਚ ਨਾਸਿਕੀ ਵਿਅੰਜਨ ਤੋਂ ਪਹਿਲਾਂ ਟਿੱਪੀ ਲਾਈ ਜਾਵੇ, ਅੱਧਿਕ ਠੀਕ ਨਹੀਂ ।

(ਖ) ਨਾਸਿਕੀ ਵਿਅੰਜਨਾਂ ਨੂੰ ਲੱਗਣ ਵਾਲੀ ਬਿੰਦੀ ਓਥੇ ਲਾਈ ਜਾਵੇ, ਜਿਥੇ ਵਿਆਕਰਨ ਅਨੁਸਾਰ ਇਹਦੀ ਲੋੜ ਹੈ :

(i) ਜਿਨ੍ਹਾਂ, ਉਹਨਾਂ, ਵਿਅੰਜਨਾਂ, ਸਿੰਙਾਂ, ਮੰਨੋਂ (ਤੂੰ ਮੰਨੋਂ) ਆਦਿ ਵਿਚ ਅੰਤਿਮ ਮਾਤਰਾ ਨੂੰ ਬਿੰਦੀ ਲਗੇਗੀ ।

(ii) ਲੰਮਾ, ਸੁੰਵਾ, ਗੰਨਾ, ਜਿੰਨਾ, ਕਿੰਨਾ, ਮੰਨੇ (ਉਹ ਮੰਨੇ) ਆਦਿ ਵਿਚ ਆਖ਼ਰੀ ਲਗ ਨੂੰ ਬਿੰਦੀ ਨਹੀਂ ਲਗੇਗੀ, ਭਾਵੇਂ ਇਹ ਉਚਾਰਨ ਵਿਚ ਮੌਜੂਦ ਹੈ ।

(iii) ਨਵਾਂ, ਨੀਵਾਂ, ਸਵੇਂ (ਉਹ ਸਵੇਂ) ਆਦਿ ਵਿਚ ਵਾਵੇ ਪਿਛੋਂ ਬਿੰਦੀ ਲਗ ਸਕਦੀ ਹੈ ।

18. 'ਚਾਰ' ਦੇ ਅਰਥਾਂ ਵਾਲਾ ਅਗੇਤਰ 'ਚੁ' ਤੇ 'ਦੋ' ਦੇ ਅਰਥਾਂ ਵਾਲਾ 'ਦੁ' ਔਂਕੜ ਨਾਲ ਲਿਖਿਆ ਜਾਵੇ :

(ਕ) ਚੁਕੋਣ, ਚੁਗਾਠ, ਚੁਤਰਫੀ, ਚੁਬਾਰਾ, ਚੁਰਾਹਾ ਆਦਿ ।

(ਖ) ਦੁਆਬਾ, ਦੁਨਾਲੀ, ਦੁਪਹਿਰ, ਦੁਬਾਰਾ, ਦੁਵੱਲੀ ਆਦਿ ।

19. ਅਰਬੀ-ਫ਼ਾਰਸੀ ਮੂਲ ਦੇ ਸ਼ਬਦਾਂ ਵਿਚ ਆਉਣ ਵਾਲੀਆਂ ਧੁਨੀਆਂ ਖ਼ (ਖ਼ੇ) ਤੇ ਗ਼ (ਗ਼ੈਨ) ਅੰਕਿਤ ਕਰਨ ਲਈ ਖੱਖੇ ਤੇ ਗੱਗੇ ਦੇ ਪੈਰ ਵਿਚ ਬਿੰਦੀ ਲਾਉਣੀ ਉਚਿਤ ਹੋਵੇਗੀ :

(ਕ) ਖ਼ਤਮ, ਖਤਰਾ, ਖ਼ਬਰ, ਖ਼ਾਨਦਾਨ, ਆਦਿ ।

(ਖ) ਗ਼ਮ, ਗ਼ਰੀਬ, ਗ਼ਲਤ, ਤੇਗ਼ ਆਦਿ ।

ਇਸ ਰਾਏ ਨੂੰ ਕੇਵਲ ਸੁਝਾ ਰੂਪ ਵਿਚ ਸ੍ਵੀਕਾਰ ਕੀਤਾ ਗਿਆ ।

20. ਪਰ ਅਰਬੀ ਕ਼ (ਕ਼ਾਫ਼) ਨੂੰ ਵੱਖਰੀ ਧੁਨੀ ਨਹੀਂ ਮੰਨਿਆ ਗਿਆ, ਤੇ ਇਸ ਨੂੰ ਅੰਕਿਤ ਕਰਨ ਲਈ 'ਕੱਕੇ' ਥੱਲੇ ਬਿੰਦੀ ਲਾਉਣ ਦੀ ਲੋੜ ਨਹੀਂ । ਸੋ ਕਸਮ, ਕਲਮ, ਕਾਜ਼ੀ, ਕਿੱਸਾ, ਕੁਦਰਤ, ਵਕਤ, ਬਾਕੀ ਆਦਿ ਠੀਕ ਜੋੜ ਹਨ ।

21. 'ਸ' ਤੇ 'ਸ਼' ਦੀ ਵਰਤੋਂ ਪ੍ਰਚਲਿਤ ਉਚਾਰਨ ਅਨੁਸਾਰ ਮੁਨਾਸਿਬ ਰਹੇਗੀ : ਉਤਸ਼ਾਹ, ਪ੍ਰਸਾਦ (ਕਿਰਪਾ), ਪ੍ਰਸ਼ਾਦ (ਜਿਵੇਂ ਕੜਾਹ ਪ੍ਰਸ਼ਾਦ), ਦੇਸ, ਸਰਨ, ਸੁੱਧ, ਸੁਭਾ, ਸੂਮ, ਸੰਧ, ਸੋਭਾ, ਸੰਗਰਾਂਦ, ਸੰਸਾ, ਕੇਸ, ਧਰਮਸਾਲਾ, ਪਸੂ ਆਦਿ ।

ਪਰ ਸੰਸਕ੍ਰਿਤ ਵਿਚੋਂ ਨਵੇਂ ਅਪਣਾਏ ਜਾਣ ਵਾਲੇ ਸ਼ਬਦਾਂ ਦਾ ਮੂਲ 'ਸ਼' ਕਾਇਮ ਰਖਿਆ ਜਾ ਸਕਦਾ ਹੈ, ਜਿਵੇਂ 'ਪ੍ਰਦੇਸ਼', 'ਦੇਸ਼ਜ' ਆਦਿ ਵਿਚ ।

Digitized by Panjab Digital Library | www.panjabdigilib.org

22. ਬਾਹਰੋਂ ਆਏ ਸ਼ਬਦਾਂ ਦੀ ਆਰੰਭਿਕ ਸਿਹਾਰੀ ਵਧੇਰੇ ਹਾਲਤਾਂ ਵਿਚ ਉਚਾਰਨ ਵਿਚ ਸਪਸ਼ਟ ਨਹੀਂ ਕੀਤੀ ਜਾਂਦੀ। ਪਰ ਲਿਖਤ ਵਿਚ ਇਸ ਸਿਹਾਰੀ ਨੂੰ ਕਾਇਮ ਰੱਖਣਾ ਮੁਨਾਸਿਬ ਸਮਝਿਆ ਗਿਆ। ਇਂਵ :

ਸ਼ਿਕਾਰ, ਸਿਫਾਰਸ਼, ਸ਼ਿਰਾਕਤ, ਹਿਸਾਬ, ਹਿਦਾਇਤ, ਕਿਤਾਬ, ਆਦਿ ਜੋੜ ਠੀਕ ਮੰਨੇ ਗਏ।

23. ਲੰਮੇਰੇ ਸ਼ਬਦਾਂ ਦੇ ਆਰੰਭਿਕ ਦੋਂਹ ਉਚਾਰ-ਖੰਡਾਂ ਵਿਚ ਜੇ ਦੋਵੇਂ ਸੁਰ ਦੀਰਘ ਹੋਣ ਤਾਂ ਅਜੋਕੇ ਉਚਾਰਨ ਵਿਚ ਇਹਨਾਂ ਵਿਚੋਂ ਇਕ ਹ੍ਰਸਵ ਹੋ ਜਾਂਦਾ ਹੈ। ਇਸ ਆਧਾਰ ਤੇ ਹੇਠ ਲਿਖੇ ਜੋੜ ਸ਼ੁੱਧ ਮੰਨੇ ਗਏ ਹਨ :

ਅਕਾਸ਼, ਅਵਾਜ਼, ਕਨੂੰਨ, ਚਲਾਕ, ਚਲਾਕੀ, ਨਰਾਜ਼, ਪਜਾਮਾ, ਪਤਾਲ, ਬਜ਼ਾਰ, ਬਦਾਮ, ਤਿਜ਼ਾਬ, ਪਿਸ਼ਾਬ, ਵਿਸਾਖ, ਪੁਸ਼ਾਕ, ਗੁਦਾਮ ਸ਼ੁਕੀਨ, ਸੁਗਾਤ ਆਦਿ।

ਪਰ ਕੁਝ ਸ਼ਬਦਾਂ ਵਿਚ ਦੋਵੇਂ ਦੀਰਘ ਸੁਰ ਕਾਇਮ ਰੱਖਣੇ ਠੀਕ ਸਮਝੇ ਗਏ : ਸ਼ੈਤਾਨ, ਸੌਦਾਗਰ, ਦੀਦਾਰ, ਨੀਲਾਮ ਆਦਿ।

24. ਸੰਜੁਗਤ ਵਿਅੰਜਨ :

(ਕ) ਸੰਸਕ੍ਰਿਤ ਮੂਲ ਦੇ ਸ਼ਬਦਾਂ ਦੇ ਆਰੰਭਿਕ ਉਚਾਰ-ਖੰਡ ਵਿਚ ਆਉਣ ਵਾਲੇ ਸੰਜੁਗਤ ਵਿਅੰਜਨਾਂ ਵਿਚੋਂ ਕੁਝ ਥੋੜ੍ਹੇ ਜਿਹੇ ਹੀ ਸੰਜੁਗਤ ਲਿਖਣੇ ਸ੍ਵੀਕਾਰ ਕੀਤੇ ਗਏ ; ਜਿਵੇਂ ਸ੍ਰਿਸ਼ਟੀ, ਦ੍ਰਿਸ਼ਟੀ, ਪ੍ਰਿਥਵੀ ਆਦਿ।

ਪਰ ਵਧੇਰੇ ਹਾਲਤਾਂ ਵਿਚ ਮੂਲ ਆਰੰਭਿਕ ਸੰਜੁਗਤ ਵਿਅੰਜਨਾਂ ਨੂੰ ਵੱਖ ਵੱਖ ਲਿਖਣਾ ਠੀਕ ਮੰਨਿਆ ਗਿਆ :

ਪਰਲੋ, ਬਿਰਛ, ਬਿਰਤੀ, ਬਿਰਧ, ਮਿਰਗ, ਭਰਮ, ਵਰਤ ਆਦਿ।

(ਖ) ਵਿਚਾਲੇ ਆਉਣ ਵਾਲੇ ਸੰਜੁਗਤ ਵਿਅੰਜਨ ਜੇ ਵੱਖ ਵੱਖ ਉਚਾਰ-ਖੰਡਾਂ ਵਿਚ ਆਉਣ ਤਾਂ ਇਹਨਾਂ ਨੂੰ ਸੁਜੰਗਤ ਲਿਖਣ ਦੀ ਲੋੜ ਨਹੀਂ। ਇਂਵ :
ਸੰਗਰਾਮ, ਨਿਸ਼ਕਾਮ, ਮਾਤਰਾ, ਵਿਸ਼ਵਾਸ਼, ਵਿਸ਼ਰਾਮ/ਬਿਸਰਾਮ ਆਦਿ ਸ਼ੁੱਧ ਜੋੜ ਹਨ।

(ਗ) ਸੰਸਕ੍ਰਿਤ ਵਾਲੇ ਅੰਤਿਮ ਸੰਜੁਗਤ ਵਿਅੰਜਨ ਪੰਜਾਬੀ ਉਚਾਰਨ ਵਿਚ ਕਾਇਮ ਨਹੀਂ ਰਹਿ ਸਕੇ। ਇਹਨਾਂ ਨੂੰ ਵੱਖ ਵੱਖ ਲਿਖਣਾ ਠੀਕ ਮੰਨਿਆ ਗਿਆ; ਜਿਵੇਂ :
ਇੰਦਰ, ਕੇਂਦਰ, ਚੱਕਰ, ਚੰਦਰ, ਤੰਤਰ, ਨਰਿੰਦਰ, ਪੱਤਰ, ਪੁੱਤਰ, ਮਹੱਤਵ, ਮਹਿੰਦਰ, ਮੰਤਰ ਆਦਿ।

25. ਕਈਆਂ ਸ਼ਬਦਾਂ ਦੇ ਉਚਾਰਨ ਵਿਚ ਸੰਧੀ ਪ੍ਰਚਲਿਤ ਹੋ ਚੁਕੀ ਹੈ, ਅਜਿਹੇ ਸ਼ਬਦਾਂ ਦਾ ਸੰਧੀ ਵਾਲਾ ਰੂਪ ਠੀਕ ਮੰਨਿਆ ਗਿਆ :

ਸ਼ਬਦਾਂਸ਼, ਸ਼ਬਦਾਰਥ, ਸ਼ਬਦਾਵਲੀ, ਸਮਾਲੋਚਨਾ, ਹਸਤਾਖਰ, ਕਲਾਤਮਿਕ, ਪਰਮਾਨੰਦ, ਪਰਮਾਰਥ, ਪ੍ਰਾਣਾਯਾਮ, ਯੋਗਾਸਣ, ਨਿਰਾਕਾਰ, ਨਿਰਾਦਰ ਨਿਰਾਧਾਰ, ਆਦਿ ਠੀਕ ਜੋੜ ਮੰਨੇ ਗਏ।

ਪਰ ਸੰਸਕ੍ਰਿਤ ਦੇ ਹਰ ਸੰਧੀ ਵਾਲੇ ਰੂਪ ਨੂੰ ਪੰਜਾਬੀ ਵਿਚ ਅਪਣਾਉਣ ਦਾ ਜਤਨ ਉਚਿਤ ਨਹੀਂ।

Digitized by Panjab Digital Library | www.panjabdigilib.org

26. ਪੰਜਾਬੀ ਉਚਾਰਨ ਵਿਚ ਰ, ਲ, ਤੇ ੜ ਦੇ ਪਿਛੋਂ 'ਣ' ਨਹੀਂ ਉਚਾਰਿਆ ਜਾਂਦਾ। ਸੰਸਕ੍ਰਿਤ ਦੇ ਜਿਨ੍ਹਾਂ ਸ਼ਬਦਾਂ ਵਿਚ 'ਰ' ਪਿਛੋਂ 'ਣ' ਆਉਂਦਾ ਸੀ, ਉਹ ਪੰਜਾਬੀ ਉਚਾਰਨ ਵਿਚ ਚਿਰੋਕਾ 'ਨ' ਵਿਚ ਬਦਲ ਚੁਕਾ ਹੈ। ਇਸ ਆਧਾਰ ਤੇ ਪ੍ਰਚਲਿਤ ਉਚਾਰਨ ਵਾਲਾ ਰੂਪ ਹੀ ਠੀਕ ਸ੍ਵੀਕਾਰ ਕੀਤਾ ਗਿਆ, ਤੇ ਸ਼ਬਦ ਜੋੜ ਉਸੇ ਅਨੁਸਾਰ ਰੱਖੇ ਜਾਣੇ ਠੀਕ ਸਮਝੇ ਗਏ, ਜਿਵੇਂ—ਸਰਨ, ਸਾਧਾਰਨ, ਸੰਪੂਰਨ, ਕਰਨ, ਕਾਰਨ, ਚਰਨ, ਪੂਰਨ ਆਦਿ।

ਪਰ ਸ਼ਬਦ 'ਰਣ' ਪੰਜਾਬੀ ਵਿਚ ਪ੍ਰਚਲਿਤ ਹੈ, ਇਸ ਦਾ ਇਹੋ ਰੂਪ ਠੀਕ ਮੰਨਿਆ ਗਿਆ ਤੇ 'ਰਣਜੀਤ', 'ਰਣਧੀਰ', 'ਰਣਬੀਰ' ਆਦਿ ਸਮਾਸੀ ਰੂਪਾਂ ਵਿਚ ਵੀ 'ਰਣ' ਸੁੱਧ ਸ੍ਵੀਕਾਰ ਕੀਤਾ ਗਿਆ। ਇਵੇਂ ਹੀ ਅਰਥਾਂ ਦੇ ਭੁਲੇਖੇ ਤੋਂ ਬਚਣ ਲਈ 'ਵਰਨ' 'ਨਹੀਂ ਤਾਂ' ਦੇ ਅਰਥਾਂ ਵਿਚ ਤੇ 'ਵਰਣ' 'ਰੰਗ', 'ਜਾਤੀ' ਆਦਿ ਦੇ ਅਰਥਾਂ ਵਿਚ ਠੀਕ ਮੰਨਿਆ ਗਿਆ।

27. ਅਰਬੀ-ਫ਼ਾਰਸੀ ਮੂਲ ਦੇ ਜਿਨ੍ਹਾਂ ਸ਼ਬਦਾਂ ਵਿਚ ਅੰਤਿਮ ਵਿਅੰਜਨ ਤੋਂ ਪਹਿਲਾਂ ਸਿਹਾਰੀ ਆਉਂਦੀ ਹੈ, ਉਹ ਪੰਜਾਬੀ ਉਚਾਰਨ ਵਿਚ ਕਾਇਮ ਨਹੀਂ ਰਹੀ। ਇਸ ਲਈ ਉਚਾਰਨ ਅਨੁਸਾਰ ਹੇਠ ਲਿਖੇ ਜੋੜ ਸੁੱਧ ਹਨ :

ਸਾਬਤ, ਸਾਲਸ, ਸਾਲਮ, ਹਾਜ਼ਰ, ਕਾਤਲ, ਖ਼ਾਹਸ਼, ਖ਼ਾਤਰ, ਖ਼ਾਰਸ਼, ਖ਼ਾਰਜ, ਖ਼ਾਲਸ, ਜ਼ਾਹਰ, ਬਾਹਰ, ਮਾਲਕ ਆਦਿ।

28. 'ਨਾਂ', 'ਨਾਹ' ਆਦਿ ਦੇ ਜੋੜ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤੇ ਗਏ :

(ਕ) ਨਾਂ (ਤੇਰਾ ਨਾਂ ਕੀ ਹੈ ?)

(ਖ) ਨਾ (ਤੂੰ ਨਾ ਜਾ।)

(ਗ) ਨਾਹ (ਉਸ ਨੇ ਨਾਹ ਕਰ ਦਿੱਤੀ)।

29. 'ਹਿਮਾਲਾ, ਭੋਜਨਾਲਾ, ਮੰਤਰਾਲਾ, ਆਦਿ ਜੋੜ ਸ੍ਵੀਕਾਰ ਕੀਤੇ ਗਏ।

30. ਹੇਠ ਲਿਖੇ ਫੁਟਕਲ ਜੋੜ ਪ੍ਰਵਾਨ ਕੀਤੇ ਗਏ :
ਸਵੱਯਾ, ਦਵੱਯਾ, ਦਿਆਲੂ, ਨਿਆਇਸ਼ਾਸਤਰ, ਪ੍ਰਤਿਯੋਗਿਤਾ, ਅਪਛਰਾਂ।

Digitized by Panjab Digital Library | www.panjabdigilib.org

PL-0684

Digitized by Panjab Digital Library | www.panjabdigilib.org

ਪੰਜਾਬੀ ਯੂਨੀਵਰਸਿਟੀ ਪ੍ਰੈਸ, ਪਟਿਆਲਾ

Digitized by Panjab Digital Library | www.panjabdigilib.org